# ਇਲੈਕਸ਼ੰਜ਼ ਕੈਨੇਡਾ - **ਵੋਟਰ ਜਾਣਕਾਰੀ ਗਾਈਡ**

## ਅਸੀਂ ਇਕੱਠੇ ਭਵਿੱਖ ਉਸਾਰਦੇ ਹਾਂ।



*“ਏਥੇ, ਮੈਂ ਆਪਣਾ ਭਵਿੱਖ ਚੁਣ ਸਕਦੀ ਹਾਂ ...”*



*“ਏਥੇ ਇੱਕ ਵਧੀਆ ਥਾਂ ਹੈ ਮੇਰੇ ਪਰਿਵਾਰ ਲਈ ...”*



*“ਮੇਰੇ ਬੱਚਿਆਂ ਕੋਲ ਏਥੇ ਕਈ ਅਵਸਰ ਹੋ ਸਕਦੇ ਹਨ ...”*

### ਵੋਟ ਕਿਉਂ ਪਾਈਏ?

ਵੋਟ ਪਾਉਣਾ ਸਾਡਾ ਬੁਨਿਆਦੀ ਹੱਕ ਹੈ ਅਤੇ ਅਸੀਂ ਇਹ ਫ਼ੈਸਲਾ ਕਰਣ ਲਈ ਵੋਟ ਪਾਉਂਦੇ ਹਾਂ ਕਿ ਕਾਨੂੰਨ, ਜਿਨ੍ਹਾਂ ਵਜੋਂ ਅਸੀਂ ਇਕੱਠੇ ਰਹਿਣ ਲਈ ਸਹਿਮਤ ਹੁੰਦੇ ਹਾਂ, ਬਣਾਉਣ ਵਿਚ ਕੌਣ ਸਾਡੀ ਨੁਮਾਇੰਦਗੀ ਕਰੇਗਾ।

### ਚੋਣਾਂ ਦਾ ਮਕਸਦ ਕੀ ਹੈ?

ਚੋਣ ਵਿਚ, ਅਸੀਂ ਆਪਣੇ ਚੋਣਵੀ ਹਲਕੇ (ਇਲੈਕਟੋਰਲ ਡਿਸਟ੍ਰਿਕਟ) ਵਿਚ **ਆਪਣੀ ਮਰਜ਼ੀ ਦੇ ਉਮੀਦਵਾਰ ਲਈ ਵੋਟ ਪਾਉਂਦੇ ਹਾਂ**। ਸਭ ਤੋਂ ਵੱਧ ਵੋਟਾਂ ਰਾਹੀਂ ਉਮੀਦਵਾਰ ਚੁਣਿਆ ਜਾਂਦਾ ਹੈ।

ਫਿਰ ਉਹ **ਸੰਸਦ (ਪਾਰਲੀਮੈਂਟ) ਦਾ ਮੈਂਬਰ** ਬਣ ਜਾਂਦਾ ਜਾਂ ਬਣ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਚੋਣ ਕੈਨੇਡਾ ਦਫ਼ਤਰ ਨਾਲ ਸੰਪਰਕ ਕਰੋ। ਤੁਸੀਂ ਨੰਬਰ ਸਾਡੀ ਵੈੱਬ-ਸਾਈਟ ਤੇ ਜਾਂ ਸਾਡੇ ਟੋਲ-ਫ੍ਰੀ ਨੰਬਰ ਤੇ ਕਾਲ ਕਰਕੇ ਲੱਭੋਗੇ।

**www.elections.ca**

**1 800 463-6868** (ਟੋਲ ਫ੍ਰੀ)

ਟੀ ਟੀ ਵਾਈ **1 800 361-8935**
ਓਹਨਾਂ ਲੋਕਾਂ ਲਈ ਜੋ ਬੋਲੇ ਹਨ ਜਾਂ ਉੱਚਾ ਸੁਣਦੇ ਹਨ।

Elections Canada

EC90233 (0404) / Punjabi/Punjabi

# ਇਲੈਕਸ਼ੰਜ਼ ਕੈਨੇਡਾ - ਵੋਟਰ ਜਾਣਕਾਰੀ ਗਾਈਡ

## ਜੋ ਲਫਜ਼ ਮੈਨੂੰ ਜਾਣਨ ਦੀ ਲੋੜ ਹੈ

**ਚੋਣਕਾਰ (ਇਲੈਕਟਰ)** ਇੱਕ ਕੈਨੇਡੀਅਨ ਨਾਗਰਿਕ ਹੈ ਜੋ ਚੋਣ ਦਿਨ ਤਕ ਘੱਟੋ-ਘੱਟ 18 ਸਾਲ ਦੀ ਉਮਰ ਦਾ ਹੈ।

**ਉਮੀਦਵਾਰ**, ਚੁਣੇ ਜਾਣ ਦੀ ਇੱਛਾ ਰੱਖਣ ਵਾਲੇ ਵਿਅਕਤੀ ਹਨ।

**ਵੋਟਰ ਸੂਚੀ** ਵਿਚ ਓਹਨਾਂ ਲੋਕਾਂ ਦੇ ਨਾਮ ਸ਼ਾਮਲ ਹੁੰਦੇ ਹਨ ਜੋ ਵੋਟ ਪਾਉਣ ਲਈ ਦਰਜ ਹੁੰਦੇ ਹਨ।

ਮੈਨੂੰ ਆਪਣਾ **ਵੋਟਰ ਜਾਣਕਾਰੀ ਕਾਰਡ (ਵੋਟਰ ਇਨਫਰਮੇਸ਼ਨ ਕਾਰਡ)** ਡਾਕ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਤਸਦੀਕ ਕਰਦਾ ਹੈ ਕਿ ਮੇਰਾ ਨਾਮ ਵੋਟਰ ਸੂਚੀ ਉੱਤੇ ਹੈ ਅਤੇ ਮੈਨੂੰ ਦੱਸਦਾ ਹੈ ਕਿ ਮੈਂ ਕਦੋਂ ਅਤੇ ਕਿੱਥੇ ਵੋਟ ਪਾਉਣੀ ਹੈ।

**ਮੱਤਦਾਨ ਕੇਂਦਰ (ਪੋਲਿੰਗ ਸਟੇਸ਼ਨ)** ਉਹ ਥਾਂ ਹੈ ਜਿੱਥੇ ਮੈਂ ਵੋਟ ਪਾਉਣ ਜਾਂਦਾ ਹਾਂ।

**ਚੋਣ ਅਫ਼ਸਰ (ਡਿਪਟੀ ਰੀਟਰਨਿੰਗ ਅਫ਼ਸਰ)** ਮੈਨੂੰ ਇੱਕ ਬੰਦ-ਵੋਟ (ਬੈਲੱਟ) ਦਿੰਦਾ ਹੈ। ਉਹ ਚੋਣਕਾਰਾਂ ਨੂੰ ਉਹਨਾਂ ਦੇ ਬੰਦ-ਵੋਟਾਂ ਤੇ ਨਿਸ਼ਾਨ ਲਾਉਣ ਵਿਚ ਸਹਾਇਤਾ ਵੀ ਕਰ ਸਕਦਾ ਜਾਂ ਕਰ ਸਕਦੀ ਹੈ।

**ਚੋਣ ਕਲਰਕ** ਮੇਰਾ ਨਾਮ ਵੋਟਰ ਸੂਚੀ ਵਿਚੋਂ ਕੱਟ ਦਿੰਦਾ ਹੈ ਜਦੋਂ ਮੈਂ ਵੋਟ ਪਾਉਂਦਾ ਹਾਂ।

**ਬੰਦ-ਵੋਟ** ਮੇਰੇ ਚੋਣ ਹਲਕੇ ਵਿਚ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਵਾਲਾ ਕਾਗਜ਼ ਹੈ।

ਕੈਨੇਡਾ ਵਿਚ ਵੋਟਾਂ **ਗੁਪਤ ਬੰਦ-ਵੋਟ** ਰਾਹੀਂ ਪੈਂਦੀਆਂ ਹਨ।

**ਵੋਟਿੰਗ ਚਿਕ (ਸਕ੍ਰੀਨ)** ਉਹ ਲੁਕਵਾਂ ਖੇਤਰ ਹੈ ਜਿਸ ਦੇ ਪਿੱਛੇ ਜਾ ਕੇ ਮੈਂ ਬੰਦ-ਵੋਟ ਤੇ ਆਪਣੀ ਮਰਜ਼ੀ ਦੀ ਨਿਸ਼ਾਨੀ ਲਾਉਂਦਾ ਹਾਂ।

ਆਪਣੀ ਬੰਦ-ਵੋਟ ਤੇ ਨਿਸ਼ਾਨੀ ਲਾਉਣ ਤੋਂ ਬਾਅਦ ਮੈਂ ਉਸ ਨੂੰ ਚੋਣ ਅਫ਼ਸਰ ਨੂੰ ਦੇ ਦਿੰਦਾ ਹਾਂ ਜੋ ਬਿਨਾਂ ਬੰਦ-ਵੋਟ ਖੋਲ੍ਹੇ ਨਾਲ ਨੱਥੀ ਪਰਚੀ (ਟੈਬ) ਫਾੜ ਦਿੰਦਾ ਹੈ ਤਾਂ ਜੋ ਮੇਰੀ ਵੋਟ ਗੁਪਤ ਰਹੇ। ਫਿਰ ਮੈਂ ਬੰਦ-ਵੋਟ ਨੂੰ **ਵੋਟ ਬਕਸੇ** ਵਿਚ ਪਾ ਦਿੰਦਾ ਹਾਂ।

## ਚੋਣ - ਮੈਂ ਆਪਣਾ ਮਤ ਜ਼ਾਹਰ ਕਰਦਾ ਹਾਂ

ਜਦੋਂ ਕੋਈ ਚੋਣ ਹੁੰਦੀ ਹੈ, ਮੈਨੂੰ ਇੱਕ **ਵੋਟਰ ਜਾਣਕਾਰੀ ਕਾਰਡ** ਮਿਲਣਾ ਚਾਹੀਦਾ ਹੈ ਜਿਹੜਾ ਤਸਦੀਕ ਕਰਦਾ ਹੈ ਕਿ ਮੇਰਾ ਨਾਮ **ਵੋਟਰ ਸੂਚੀ** ਉੱਤੇ ਹੈ।

ਇਹ ਕਾਰਡ ਮਹੱਤਵਪੂਰਨ ਹੈ।

ਇਹ ਮੈਨੂੰ ਦੱਸਦਾ ਹੈ ਕਿਵੇਂ, ਕਦੋਂ ਅਤੇ ਕਿੱਥੇ ਮੈਂ ਵੋਟ ਪਾ ਸਕਦਾ ਹਾਂ।

ਜੇਕਰ ਮੈਨੂੰ ਮੇਰਾ ਕਾਰਡ ਨਾ ਮਿਲੇ ਮੈਂ **ਚੋਣ ਕੈਨੇਡਾ** ਨਾਲ ਸੰਪਰਕ ਕਰਾਂਗਾ ਇਹ ਪਤਾ ਲਾਉਣ ਲਈ ਕਿ ਆਪਣਾ ਨਾਮ ਵੋਟਰ ਸੂਚੀ ਉੱਤੇ ਕਿਵੇਂ ਕਰਾਵਾਂ ਤਾਂ ਜੋ ਮੈਂ ਵੋਟ ਪਾ ਸਕਾਂ।

ਚੋਣ ਸਮੇਂ ਦੌਰਾਨ ਚੋਣ ਕੈਨੇਡਾ ਦੀ ਵੈੱਬ ਸਾਈਟ **www.elections.ca** ਤੇ ਫੇਰੀ ਪਾ ਮੈਂ **ਉਮੀਦਵਾਰਾਂ ਦੇ ਨਾਵੇਂ** ਪਤਾ ਕਰ ਸਕਦਾ ਹਾਂ। ਮੈਂ ਰੇਡੀਓ ਸੁਣ ਕੇ, ਟੈਲੀਵਿਜ਼ਨ ਵੇਖ ਕੇ, ਅਖਬਾਰਾਂ ਪੜ੍ਹ ਕੇ ਅਤੇ ਦੋਸਤਾਂ ਅਤੇ ਪਰਵਾਰ ਦੇ ਮੈਂਬਰਾਂ ਨਾਲ ਗੱਲ-ਬਾਤ ਕਰ ਕੇ ਵੀ ਮੈਂ ਓਹਨਾਂ ਦੇ ਨਾਵੇਂ ਅਤੇ ਨੀਤੀਆਂ ਪਤਾ ਕਰ ਸਕਦਾ ਹਾਂ। ਮੈਂ ਉਸ ਉਮੀਦਵਾਰ ਨੂੰ ਚੁਣਾਂਗਾ ਜਿਸ ਨੂੰ ਮੈਂ ਚਾਹੁੰਦਾ ਹਾਂ ਕਿ **ਮੇਰੀ ਨੁਮਾਇੰਦਗੀ ਕਰੇ।**

## ਮੈਂ ਵੋਟ ਕਿਵੇਂ ਪਾਵਾਂ?

**ਤਿੰਨ ਤਰੀਕੇ ਰਾਹੀਂ ਮੈਂ ਵੋਟ ਪਾ ਸਕਦਾ ਹਾਂ।**

**ਮੈਂ ਕਿਸੇ ਅਗੇਤੀ ਵੋਟ-ਉਗਰਾਹੀ (ਐਡਵਾਂਸ ਪੋਲ) ਉੱਤੇ ਵੋਟ ਪਾ ਸਕਦਾ ਹਾਂ।**

ਅਗੇਤੀ ਵੋਟ-ਉਗਰਾਹੀ ਓਹਨਾਂ ਲਈ ਹੁੰਦੀਆਂ ਹਨ ਜੋ ਚੋਣ ਦਿਨ ਵੋਟ ਪਾ ਨਹੀਂ ਸਕਦੇ ਜਾਂ ਪਾਉਣਾ ਨਹੀਂ ਚਾਹੁੰਦੇ।

ਸਾਰੇ ਚੋਣਕਾਰ ਅਗੇਤੀ ਵੋਟ-ਉਗਰਾਹੀ ਰਾਹੀਂ ਵੋਟ ਪਾ ਸਕਦੇ ਹਨ।

ਮੈਂ ਆਪਣੇ ਵੋਟਰ ਜਾਣਕਾਰੀ ਕਾਰਡ ਤੋਂ ਜਾਂ ਕਾਰਡ ਉੱਪਰ ਦਿੱਤੇ ਚੋਣ ਕੈਨੇਡਾ ਦੇ ਟੈਲੀਫ਼ੋਨ ਨੰਬਰ ਤੋਂ ਅਗੇਤੀ ਵੋਟ-ਉਗਰਾਹੀ ਦੇ ਸਥਾਨ ਅਤੇ ਸਮਿਆਂ ਬਾਰੇ ਪਤਾ ਲੱਗਾ ਸਕਦਾ ਹਾਂ।

**ਮੈਂ ਵਿਸ਼ੇਸ਼ ਬੰਦ-ਵੋਟ ਰਾਹੀਂ ਵੋਟ ਪਾ ਸਕਦਾ ਹਾਂ।**

ਵਿਸ਼ੇਸ਼ ਬੰਦ-ਵੋਟ ਡਾਕ ਰਾਹੀਂ ਜਾਂ ਮੇਰੇ ਚੋਣ ਹਲਕੇ ਦੇ **ਚੋਣ ਅਫ਼ਸਰ ਦੇ ਦਫ਼ਤਰ** ਵਿਖੇ ਪੈਂਦੀ ਹੈ।

ਵਧੇਰੇ ਜਾਣਕਾਰੀ ਲਈ ਮੈਂ ਚੋਣ ਕੈਨੇਡਾ ਨਾਲ ਸੰਪਰਕ ਕਰ ਸਕਦਾ ਹਾਂ।

**ਮੈਂ ਚੋਣ ਦਿਨ ਖ਼ੁਦ ਜਾ ਕੇ ਵੋਟ ਪਾ ਸਕਦਾ ਹਾਂ।**

ਚੋਣ ਦਿਨ, ਵੋਟ ਪਾਉਣ ਲਈ ਮੈਂ ਆਪਣੇ ਮੱਤਦਾਨ ਕੇਂਦਰ ਤੇ ਜਾਂਦਾ ਹਾਂ।

ਤਰੀਕਾਂ, ਸਮੇਂ ਅਤੇ ਮੱਤਦਾਨ ਕੇਂਦਰਾਂ ਦੇ ਪਤੇ ਵੋਟਰ ਜਾਣਕਾਰੀ ਕਾਰਡ ਤੇ ਹਨ।

**ਮੱਤਦਾਨ ਕੇਂਦਰ ਤੇ** ਮੈਂ ਸਾਰਣੀ ਲੱਭਦਾ ਹਾਂ ਜਿਸ ਤੇ ਆਪਣੇ ਵੋਟਰ ਜਾਣਕਾਰੀ ਕਾਰਡ ਤੇ ਦਿੱਤੇ ਨੰਬਰ ਨਾਲ ਮੇਲ ਖਾਂਦਾ ਨੰਬਰ ਹੈ।

ਦੋ ਚੋਣ ਅਫ਼ਸਰ ਇੱਕ ਮੇਜ ਤੇ ਬੈਠੇ ਹਨ: ਇੱਕ **ਚੋਣ ਅਫ਼ਸਰ** ਅਤੇ **ਚੋਣ ਕਲਰਕ।**

ਮੈਂ ਆਪਣਾ **ਨਾਮ ਅਤੇ ਪਤਾ** ਚੋਣ ਅਫ਼ਸਰ ਨੂੰ ਦਿੰਦਾ ਹਾਂ। ਬਹੁਤੇ ਲੋਕਾਂ ਦੇ ਨਾਮ ਪਹਿਲਾਂ ਹੀ ਵੋਟਰ ਸੂਚੀ ਉੱਤੇ ਦਰਜ ਹਨ।

ਜੇਕਰ ਮੇਰਾ ਨਾਮ ਵੋਟਰ ਸੂਚੀ ਤੇ ਨਹੀਂ ਹੈ, ਮੇਰੇ ਕੋਲ ਅਜੇ ਵੀ **ਚੋਣ ਦਿਨ ਆਪਣਾ ਨਾਮ ਦਰਜ** ਕਰਵਾਉਣ ਦਾ ਮੌਕਾ ਹੈ। ਮੈਂ ਆਪਣੇ ਮੱਤਦਾਨ ਕੇਂਦਰ ਤੇ ਆਪਣੇ ਚੋਣ ਅਫ਼ਸਰ ਕੋਲ **ਆਪਣੀ ਸ਼ਨਾਖਤ ਅਤੇ ਰਿਹਾਇਸ਼ ਦਾ ਸਬੂਤ** ਦੇ ਕੇ ਨਾਮ ਦਰਜ ਕਰਵਾ ਸਕਦਾ ਹਾਂ। ਮੈਂ ਆਪਣੀ ਸ਼ਨਾਖਤ ਅਤੇ ਰਿਹਾਇਸ਼ ਬਾਰੇ ਇੱਕ ਹਲਫੀਆ ਬਿਆਨ ਦੇ ਕੇ ਅਤੇ ਉਸੇ ਹੀ ਮੱਤਦਾਨ ਹਲਕੇ ਵਿਚ ਪਹਿਲਾਂ ਹੀ ਨਾਮ ਦਰਜ ਕਰਵਾ ਚੁੱਕੇ ਕਿਸੇ ਹੋਰ ਚੋਣਕਾਰ ਤੋਂ ਆਪਣੇ ਬਾਰੇ ਪੁਸ਼ਟੀ ਕਰਵਾ ਕੇ ਵੀ ਆਪਣਾ ਨਾਮ ਦਰਜ ਕਰਵਾ ਸਕਦਾ ਹਾਂ।

ਚੋਣ ਕਲਰਕ ਵੋਟਰ ਸੂਚੀ ਵਿਚੋਂ **ਮੇਰਾ ਨਾਮ ਕੱਟ ਦਿੰਦਾ** ਹੈ ਇਹ ਦੱਸਣ ਲਈ ਕਿ ਮੈਂ ਵੋਟ ਪਾ ਦਿੱਤੀ ਹੈ।

ਚੋਣ ਅਫ਼ਸਰ ਮੈਨੂੰ ਇੱਕ ਤਹਿ ਕੀਤੀ ਬੰਦ-ਵੋਟ ਦਿੰਦਾ ਹੈ।

ਉਹ ਸ਼ਖ਼ਸ **ਮੇਰੀ ਮਦਦ** ਵੀ ਕਰ ਸਕਦਾ ਹੈ ਜੇਕਰ ਮੈਨੂੰ ਆਪਣੀ ਬੰਦ-ਵੋਟ ਤੇ ਨਿਸ਼ਾਨੀ ਲਾਉਣ ਵਿਚ ਕੋਈ ਮੁਸ਼ਕਲ ਹੈ।

ਮੈਂ ਮੱਤਦਾਨ ਕੇਂਦਰ ਵਿਖੇ ਸਹਾਇਤਾ ਲਈ ਆਪਣੇ ਨਾਲ ਕਿਸੇ ਦੋਸਤ ਜਾਂ ਪਰਵਾਰ ਮੈਂਬਰ ਨੂੰ ਵੀ ਨਾਲ ਲਿਆ ਸਕਦਾ ਹਾਂ।

**ਮੈਂ ਵੋਟਿੰਗ ਚਿਕ ਦੇ ਪਿੱਛੇ ਜਾਂਦਾ ਹਾਂ।** ਕੋਈ ਵੀ ਨਹੀਂ ਵੇਖ ਸਕਦਾ ਕਿ ਮੈਂ ਕਿਸ ਨੂੰ ਵੋਟ ਪਾਈ ਹੈ।

ਜਿਸ ਉਮੀਦਵਾਰ ਨੂੰ ਮੈਂ ਚੁਣਿਆ ਹੈ, ਉਸ ਦੇ ਨਾਮ ਲਾਗੇ ਮੈਂ ਗੋਲੇ ਵਿਚ **ਕਾਟੀ ਦਾ ਨਿਸ਼ਾਨ ਲਗਾ ਦਿੰਦਾ ਹਾਂ।**

ਮੈਂ **ਆਪਣੀ ਬੰਦ-ਵੋਟ ਨੂੰ ਤਹਿ ਕਰ ਦਿੰਦਾ ਹਾਂ** ਤਾਂ ਕਿ ਮੇਰੀ ਵੋਟ ਗੁਪਤ ਰਹੇ।

ਮੈਂ ਆਪਣੀ ਤਹਿ ਕੀਤੀ ਬੰਦ-ਵੋਟ ਚੋਣ ਅਫ਼ਸਰ ਕੋਲ ਲੈ ਜਾਂਦਾ ਹਾਂ ਜਿਹੜਾ ਉਸ ਨਾਲ **ਨੱਥੀ ਪਰਚੀ ਨੂੰ ਫਾੜ ਦਿੰਦਾ ਹੈ।**

ਚੋਣ ਅਫ਼ਸਰ ਮੈਨੂੰ ਮੇਰੀ ਬੰਦ-ਵੋਟ ਵਾਪਸ ਦੇ ਦਿੰਦਾ ਹੈ।

**ਮੈਂ ਆਪਣੀ ਬੰਦ-ਵੋਟ ਵੋਟ ਬਕਸੇ ਵਿਚ ਪਾ ਦਿੰਦਾ ਹਾਂ।**

